EDUCATION IS A MOVEMENT FROM DARKNESS TO LIGHT

# Private Unaided Schools' Association-CBSE/ICSE (Regd.)

(PUSA) Punjab

Regn. No. 217

(An association of Private Unaided Schools Affiliated to CBSE/ICSE in The State of Punjab)

Prof. M.L. Arora
Patron
M.: 98142-54094

Vinod Kumar Khurana
State President
M.: 98156-21788
e-mail: sudeshvatika@yahoo.com

Mohinder Singh 'Bhola'
State Gen. Secretary
M.: 98554-23081
e-mail: mohindersinghpks@gmail.com

Ref No: PUSA/GEN/2023/034 Dated: 25-03-2023

ਸੇਵਾ ਵਿਖੇ,

ਮਾਨਯੋਗ ਡੀ. ਜੀ. ਐਸ. ਈ ਸਾਹਿਬ,

ਸਿੱਖਿਆ ਵਿਭਾਗ, ਪੰਜਾਬ।

**ਵਿਸ਼ਾ : RTE ਦੀ ਪੱਕੀ ਮਾਨਤਾ ਦੇਣ ਦੇ ਸੰਬੰਧ ਵਿੱਚ।**

ਸ੍ਰੀ ਮਾਨ ਜੀਓ,

ਜਿਵੇਂ ਕਿ ਵਿਦਿਤ ਹੀ ਹੈ ਭਾਰਤ ਦੀ ਪਾਰਲੀਮੈਂਟ ਵੱਲੋਂ ਪਾਸ ਕੀਤਾ ਗਿਆ " Right to Education" (R. T. E. Act, 2009) 2013 ਤੋਂ ਲਾਗੂ ਕੀਤਾ ਗਿਆ ਸੀ। ਇਸ ਮੁਤਾਬਿਕ ਜਿਹੜੇ ਸਕੂਲ 2013 ਤੋਂ ਪਹਿਲਾਂ ਹੋਂਦ ਵਿੱਚ ਸਨ ਉਹਨਾਂ ਸਕੂਲਾਂ ਨੂੰ ਤਿੰਨ ਸਾਲ ਤੱਕ 1-1 ਸਾਲ ਦੀ ਪ੍ਰੋਵੀਜ਼ਨਲ R.T.E. ਦੀ ਮਾਨਤਾ ਦਿੱਤੀ ਗਈ ਸੀ ਤਾਂ ਕਿ ਉਹਨਾਂ ਸਕੂਲਾਂ ਨੂੰ ਨਿਰਧਾਰਿਤ ਸ਼ਰਤਾਂ ਪੂਰੀਆਂ ਕਰਨ ਲਈ ਮਾਕੂਲ ਸਮਾਂ ਦਿੱਤਾ ਜਾ ਸਕੇ । ਪਰ ਜਿਹੜੇ ਸਕੂਲ 2013 ਤੋਂ ਬਾਅਦ ਨਵੇਂ ਖੁੱਲ੍ਹੇ ਸਨ ਓਹਨਾਂ ਨੂੰ R.T.E. ਮਾਨਤਾ ਪ੍ਰਾਪਤੀ ਲਈ ਪਹਿਲਾ ਹੀ ਸਾਰੀਆਂ ਸਰਤਾਂ ਪੂਰੀਆਂ ਕਰਨ ਦੀ ਪਾਬੰਦੀ ਸੀ ਜੋ ਉਹਨਾਂ ਸਕੂਲਾਂ ਨੇ ਪੂਰੀਆਂ ਕੀਤੀਆਂ ਅਤੇ ਉਹਨਾਂ ਨੂੰ R.T.E. ਦੀ ਪੱਕੀ ਮਾਨਤਾ ਪ੍ਰਾਪਤੀ ਦਾ ਲਾਭ ਪ੍ਰਾਪਤ ਹੋਇਆ। ਪ੍ਰੰਤੂ ਅੱਜ ਲਗਭਗ ਇੱਕ ਦਹਾਕੇ ਦੇ ਅਰਸੇ ਤੋਂ ਬਾਅਦ ਵੀ ਸਾਡੀ ਐਸੋਸੀਏਸ਼ਨ ਦੇ ਕੁੱਝ ਜ਼ਿਲ੍ਹਿਆਂ ਦੇ ਸਕੂਲਾਂ ਨੂੰ R.T.E. ਮਾਨਤਾ ਪ੍ਰੋਵਿਜਨਲੀ ਤਿੰਨ ਸਾਲਾਂ ਲਈ ਹੀ ਦਿੱਤੀ ਜਾ ਰਹੀ ਹੈ ਅਤੇ ਉਹ ਵੀ ਬਕਾਇਦਾ ਇੰਸਪੈਕਸ਼ਨ ਕਰਨ ਤੋਂ ਬਾਅਦ। ਜਦੋਂ ਕੇ R.T.E Act ਦੇ ਅਧਿਆਏ 4 ਸੈਕਸ਼ਨ 18 ਅਨੁਸਾਰ ਪ੍ਰੋਵੀਜਨਲ ਮਾਨਤਾ ਦਾ ਕੋਈ ਵਿਧਾਨ ਨਹੀ ਹੈ । R.T.E. Act ਵਿੱਚ ਨਿਰਧਾਰਤ ਸ਼ਰਤਾਂ ਇੱਕ ਵਾਰ ਪੂਰੀਆਂ ਹੋਣ ਤੋਂ ਬਾਅਦ ਪ੍ਰੋਵੀਜ਼ਨਲ ਮਾਨਤਾ ਦਾ ਕੋਈ ਵਿਧਾਨ ਨਹੀਂ ਹੈ। ਸਾਡੀ ਬੇਨਤੀ ਹੈ ਕਿ ਇਸ ਮਾਮਲੇ ਨੂੰ ਪਹਿਲ ਦੇ ਆਧਾਰ ਤੇ ਵਿਚਾਰ ਕੇ ਸਾਰੇ ਜ਼ਿਲ੍ਹਾ ਸਿੱਖਿਆ ਅਫਸਰ ਸਾਹਿਬਾਨਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਆਪੋ-ਆਪਣੇ ਜਿਲ੍ਹੇ ਵਿੱਚ ਪ੍ਰਚਲਿਤ ਡਿਸਪੈਰਿਟੀ ਨੂੰ ਖਤਮ ਕਰਕੇ ਐਕਟ ਅਨੁਸਾਰ ਹੀ ਇਹ ਮਾਨਤਾ ਪੱਕੇ ਤੌਰ ਤੇ ਪ੍ਰਦਾਨ ਕਰਨ।

ਇਹ ਬੇਨਤੀ ਇਸ ਲਈ ਵੀ ਜਰੂਰੀ ਹੈ ਕਿਉਂ ਕਿ ਇਹਨਾਂ ਪ੍ਰੋਵਿਜਨਲ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਮਾਪੇ ਸਕੂਲ ਦੀ ਆਰਜੀ ਮਾਨਤਾ ਤੇ ਕਿੰਤੂ - ਪ੍ਰੰਤੂ ਕਰ ਕੇ ਪੱਕੀ ਮਾਨਤਾ ਪ੍ਰਾਪਤ ਵਾਲੇ ਸਕੂਲਾਂ ਨੂੰ ਤਰਜੀਹ ਦਿੰਦੇ ਹਨ ਇਸ ਲਈ ਸਕੂਲਾਂ - ਸਕੂਲਾਂ ਵਿੱਚ ਵਿਤਕਰੇ ਦਾ ਆਭਾਸ ਹੁੰਦਾ ਹੈ ਜਿਸ ਨੂੰ ਦੂਰ ਕਰਨ ਲਈ ਆਪ ਜੀ ਦੀ ਤਵੱਕੋ ਲਈ ਪੁਰਜੋਰ ਅਪੀਲ ਕਰਦੇ ਹਾਂ ।

ਆਪ ਜੀ ਦੇ ਸ਼ੁਭਚਿੰਤਕ

ਵਿਨੋਦ ਕੁਮਾਰ ਖੁਰਾਣਾ
ਪ੍ਰਧਾਨ ਪੂਸਾ ਪੰਜਾਬ

ਮਹਿੰਦਰ ਸਿੰਘ ਭੋਲਾ
ਜਨ - ਸੈਕਟਰੀ ਪੂਸਾ ਪੰਜਾਬ

**ਅਤੇ ਸੰਮੂਹ ਮੈਂਬਰ ਪ੍ਰਾਇਵੇਟ ਅਨਏਡਿਡ ਸਕੂਲਜ਼ ਐਸੋਸੀਏਸ਼ਨ (ਪੂਸਾ) ਪੰਜਾਬ (ਰਜਿ.)**